ਨੰਬਰ:ਸੀ.ਸਹਾਇਕ/ਸ.ਰ.ਮ./ 18 ਮਿਤੀ: 25/01/2023

ਵੱਲੋਂ

ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਮੁਕੇਰੀਆਂ।

ਸੇਵਾ ਵਿਖੇ

ਮਾਨਯੋਗ ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।

ਵਿਸ਼ਾ:- ਦੀ ਕਰਟੋਲੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ: ਕਰਟੋਲੀ ਵਿੱਚ ਸੇਲਜ਼ਮੈਨ ਕੰਮ ਕੈਸ਼ੀਅਰ ਡੀ.ਸੀ.ਰੇਟਾਂ ਤੇ ਭਰਤੀ ਕਰਨ ਲਈ ਅਖਬਾਰ ਵਿੱਚ ਦਿੱਤੇ ਇਸ਼ਤਿਹਾਰ ਵੈਬਸਾਈਟ ਤੇ ਅਪਲੋਡ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਹੈ ਕਿ ਦੀ ਕਰਟੌਲੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ: ਕਰਟੋਲੀ ਵਿੱਚ ਸੇਲਜ਼ਮੈਨ-ਕਮ-ਕੈਸ਼ੀਅਰ ਡੀ.ਸੀ ਰੇਟਾਂ ਤੇ ਭਰਤੀ ਕਰਨ ਲਈ ਆਪ ਜੀ ਦੇ ਦਫਤਰੀ ਮੀਮੋ ਨੰ:ਰਸਸ/ਰਿਣ-2/ਸੀ.ਈ.ਏ.4/ਨਿ:ਮੁਕੇਰੀਆਂ/20640 ਮਿਤੀ: 09.12.2022 ਰਾਹੀਂ ਮੰਨਜ਼ੂਰੀ ਪ੍ਰਾਪਤ ਹੋਈ ਹੈ।ਆਪ ਜੀ ਦੇ ਦਫਤਰੀ ਹੁਕਮ ਪਿੱਠ ਅੰਕਣ ਨੰਬਰ:ਰਸਸ/ਰਿਣ-2/ਸੀ.ਏ.-4/ਸੇਵਾ ਨਿਯਮ 1997/ 92 ਮਿਤੀ: 27.02.2020 ਅਨੁਸਾਰ ਕਰਮਚਾਰੀਆਂ ਦੀ ਭਰਤੀ ਸਬੰਧੀ ਪਾਰਦਰਸ਼ਤਾ ਲਿਆਉਣ ਲਈ ਇਸ਼ਤਿਹਾਰਾਂ ਨੂੰ ਆਨਲਾਈਨ ਕਰਨ ਲਈ ਹੁਕਮ ਕੀਤੇ ਗਏ ਹਨ।

ਉਕੱਤ ਹੁਕਮਾਂ ਦੀ ਪਾਲਣਾ ਕਰਦੇ ਹੋਏ ਅੱਜ ਮਿਤੀ: 25.01.2023 ਨੂੰ ਪੰਜਾਬੀ ਦੇ ਅਖਬਾਰ ਅਜੀਤ ਅਤੇ ਜੱਗ ਬਾਣੀ ਵਿੱਚ ਸੇਲਜ਼ਮੈਨ-ਕਮ-ਕੈਸ਼ੀਅਰ ਦੀ ਨਿਯੁਕਤੀ ਸਬੰਧੀ ਇਸ਼ਤਿਹਾਰ ਜਾਰੀ ਕੀਤੇ ਗਏ ਹਨ। ਇਹਨਾਂ ਇਸ਼ਤਿਹਾਰਾਂ ਦੀ ਕਾਪੀ ਆਪ ਜੀ ਨੂੰ ਇਸ ਪੱਤਰ ਨਾਲ ਨੱਥੀ ਕਰਕੇ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਇਸ਼ਤਿਹਾਰਾਂ ਨੂੰ ਮਹਿਕਮੇ ਦੀ ਵੈਬਸਾਈਟ ਤੇ ਅਪਲੋਡ ਕਰਨ ਦੀ ਕਿਰਪਾਲਤਾ ਕੀਤੀ ਜਾਵੇ ਜੀ।

ਨੱਥੀ: ਇਸ਼ਤਿਹਾਰਾਂ ਦੀ ਕਾਪੀ

25/1/23
ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾ, ਮੁਕੇਰੀਆਂ।

ਦਰਜ ਕਰ ਲਿਆ ਹੈ।

ਤਰਲੋਕ ਸਿੰਘ ਸਾਰੇ ਵਾਸੀਆਨ ਪਿੰਡ ਮਹਿਤਾਬਪੁਰ, ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ।

# ਭਰਤੀ ਸੂਚਨਾ

ਦੀ ਕਰਟੋਲੀ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮੀ. ਕਰਟੋਲੀ ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸੇਲਜ਼ਮੈਨ-ਕਮ-ਕੈਸ਼ੀਅਰ ਦੀ ਖਾਲੀ ਅਸਾਮੀ ਨੂੰ ਡੀ. ਸੀ. ਰੇਟਾਂ ਤੇ ਸਿਰਫ ਕੰਟਰੈਕਟ ਬੇਸ 'ਤੇ ਭਰਨ ਸੰਬੰਧੀ ਉਮੀਦਵਾਰਾਂ ਪਾਸੋਂ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ। ਇਹ ਨਿਯੁਕਤੀ ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ, ਚੰਡੀਗੜ੍ਹ ਜੀ ਵਲੋਂ ਭਰਤੀ ਸੰਬੰਧੀ ਜਾਰੀ ਹਦਾਇਤਾਂ ਅਨੁਸਾਰ ਕੀਤੀ ਜਾਵੇਗੀ। ਉਮੀਦਵਾਰ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ। ਉਮੀਦਵਾਰ ਦੀ ਉਮਰ 10/02/2023 ਨੂੰ 18 ਤੋਂ 37 ਸਾਲ ਵਿਚ ਹੋਵੇ, ਦਸਵੀਂ ਪੰਜਾਬੀ ਪਾਸ ਹੋਵੇ, ਮਾਨਤਾ ਪ੍ਰਾਪਤ ਯੂਨੀਵਰਸਟੀ ਜਾਂ ਸੰਸਥਾ ਤੋਂ ਗ੍ਰੈਜੂਏਟ ਦੀ ਡਿਗਰੀ ਪ੍ਰਾਪਤ ਕੀਤੀ ਹੋਵੇ, ਮਾਨਤਾ ਪ੍ਰਾਪਤ ਆਈ. ਐਸ. ਓ. 9001 ਅਨੁਸਾਰ ਘੱਟੋ-ਘੱਟ 120 ਘੰਟੇ ਦਾ ਕੰਪਿਊਟਰ ਕੋਰਸ ਪਾਸ ਕੀਤਾ ਹੋਵੇ। ਪੇਂਡੂ ਪਿਛੋਕੜ ਤੇ ਸਭਾ ਦੇ ਦਾਇਰਾ ਕਾਰੋਬਾਰ ਦੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ ਅਤੇ ਹੋਰ ਸ਼ਰਤਾਂ ਸੰਬੰਧੀ ਸਭਾ ਦੇ ਦਫਤਰ ਵਿਖੇ ਕੰਮਕਾਜ ਵਾਲੇ ਦਿਨ ਸੰਪਰਕ ਕੀਤਾ ਜਾ ਸਕਦਾ ਹੈ। ਚਾਹਵਾਨ ਉਮੀਦਵਾਰ ਮਿਤੀ 10/02/2023 ਤੋਂ 24/02/2023 ਤੱਕ ਸ਼ਾਮ 4:00 ਵਜੇ ਤੱਕ ਅਰਜ਼ੀਆਂ ਸਭਾ ਦੇ ਸਕੱਤਰ ਕੋਲ ਨਿੱਜੀ ਤੌਰ 'ਤੇ ਜਮ੍ਹਾਂ ਕਰਵਾ ਸਕਦੇ ਹਨ। ਉਪਰੋਕਤ ਵਿੱਦਿਅਕ ਯੋਗਤਾਵਾਂ ਅਤੇ ਹੋਰ ਸੰਬੰਧਿਤ ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਨਾਲ ਨੱਥੀ ਕੀਤੀਆਂ ਜਾਣ। ਉਪਰੋਕਤ ਮਿਤੀ ਤੋਂ ਬਾਅਦ ਆਈਆਂ ਅਰਜ਼ੀਆਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਅਸਾਮੀ ਮੈਰਿਟ, ਯੋਗਤਾ ਦੇ ਆਧਾਰ 'ਤੇ ਭਰੀ ਜਾਵੇਗੀ। ਸਬ-ਕਮੇਟੀ ਵਲੋਂ ਮਿਤੀ 01/03/2023 ਨੂੰ ਉਮੀਦਵਾਰ ਨੂੰ ਸੰਬੰਧਤ ਅਸਾਮੀ ਲਈ ਸਿਲੈਕਟ ਕੀਤਾ ਜਾਵੇਗਾ। ਸਿਲੈਕਟ ਹੋਏ ਉਮੀਦਵਾਰ ਤੋਂ ਘੱਟੋ-ਘੱਟ ਦੋ ਏਕੜ ਜ਼ਰਾਇਤੀ ਜ਼ਮੀਨ ਜਾਂ ਇਕ ਲੱਖ ਰੁਪਏ ਬਤੌਰ ਜ਼ਮਾਨਤ ਲਏ ਜਾਣਗੇ। ਸੇਲਜ਼ਮੈਨ-ਕਮ-ਕੈਸ਼ੀਅਰ ਦੀ ਨਿਯੁਕਤੀ ਆਰਜ਼ੀ ਤੌਰ 'ਤੇ ਕੀਤੀ ਜਾਵੇਗੀ।

**ਵਲੋਂ: ਪ੍ਰਧਾਨ ਸਹਿਕਾਰੀ ਸਭਾ ਕਰਟੋਲੀ, ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ**

ਚ ਸਹੂਲਤਾਂ ਤਾਂ
ਕਾਰੀ ਹਸਪਤਾਲਾਂ

ਆਉਂਦੀ ਹੈ। ਸਰਕਾਰ ਸਸਤੀ ਰੇਤ, ਨਸ਼ੇ
'ਤੇ ਕੰਟਰੋਲ ਮੁੱਦਿਆਂ 'ਤੇ ਨਾਕਾਮ ਸਾਬਤ

ਸਿੰਘ ਕਾਕਾ, ਬਾਬਾ ਕੁਲਵੀਰ ਸਿੰਘ
ਘੜਿਆਲਾ ਆਦਿ ਹਾਜ਼ਰ ਸਨ।

ਮ ਭਲਕੇ

ਾਣਗੇ।
ਰਾਨ ਉੱਚ ਕੋਟੀ
ਾਗੀ ਜਥੇ, ਢਾਡੀ
ਥਾ ਵਾਚਕ ਗੁਰੂ
ਸਰਵਨ ਕਰ ਕ
ਨਿਹਾਲ ਕਰਨਗੇ।
ਜਿਆ ਕਿ ਇਸ
ਮਾਗਮ ਦੌਰਾਨ
ਦੇਸ਼ਾਂ ਤੋਂ ਭਾਰੀ
ਤਾਂ ਨਤਮਸਤਕ
ਾ ਆਸ਼ੀਰਵਾਦ

# ਭਰਤੀ ਸੂਚਨਾ

ਦੀ ਕਰਟੋਲੀ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ. ਕਰਟੋਲੀ ਤਹਿਸੀਲ ਮੁਕੇਰੀਆਂ ਜ਼ਿਲਾ ਹੁਸ਼ਿਆਰਪੁਰ ਵਿਚ ਸੇਲਜ਼ਮੈਨ ਕਮ ਕੈਸ਼ੀਅਰ ਦੀ ਖਾਲੀ ਅਸਾਮੀ ਨੂੰ ਡੀ.ਸੀ. ਰੇਟਾਂ 'ਤੇ ਸਿਰਫ ਕੰਟਰੈਕਟ ਬੇਸ 'ਤੇ ਭਰਨ ਸਬੰਧੀ ਉਮੀਦਵਾਰਾਂ ਪਾਸੋਂ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ। ਇਹ ਨਿਯੁਕਤੀ ਮਾਣਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ, ਚੰਡੀਗੜ੍ਹ ਜੀ ਵਲੋਂ ਭਰਤੀ ਸਬੰਧੀ ਜਾਰੀ ਹਦਾਇਤਾਂ ਅਨੁਸਾਰ ਕੀਤੀ ਜਾਵੇਗੀ। ਉਮੀਦਵਾਰ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ। ਉਮੀਦਵਾਰ ਦੀ ਉਮਰ 10.02.2023 ਨੂੰ 18 ਤੋਂ 37 ਸਾਲ ਵਿਚ ਹੋਵੇ, ਦਸਵੀਂ ਪੰਜਾਬੀ ਪਾਸ ਹੋਵੇ, ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗ੍ਰੈਜੂਏਟ ਦੀ ਡਿਗਰੀ ਪ੍ਰਾਪਤ ਕੀਤੀ ਹੋਵੇ। ਮਾਨਤਾ ਪ੍ਰਾਪਤ ਆਈ.ਐੱਸ.ਓ. 9001 ਅਨੁਸਾਰ ਘੱਟੋ-ਘੱਟ 120 ਘੰਟੇ ਦਾ ਕੰਪਿਊਟਰ ਕੋਰਸ ਪਾਸ ਕੀਤਾ ਹੋਵੇ। ਪੇਂਡੂ ਪਿਛੋਕੜ ਦੇ ਸਭਾ ਦੇ ਦਾਇਰਾ ਕਾਰੋਬਾਰ ਦੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ ਅਤੇ ਹੋਰ ਸ਼ਰਤਾਂ ਸਬੰਧੀ ਸਭਾ ਦੇ ਦਫਤਰ ਵਿਖੇ ਕੰਮਕਾਜ ਵਾਲੇ ਦਿਨ ਸੰਪਰਕ ਕੀਤਾ ਜਾ ਸਕਦਾ ਹੈ। ਚਾਹਵਾਨ ਉਮੀਦਵਾਰ ਮਿਤੀ 10.02.23 ਤੋਂ 24.02.2023 ਤੱਕ ਸ਼ਾਮ 4 ਵਜੇ ਤੱਕ ਅਰਜ਼ੀਆਂ ਸਭਾ ਦੇ ਸਕੱਤਰ ਕੋਲ ਨਿੱਜੀ ਤੌਰ 'ਤੇ ਜਮ੍ਹਾ ਕਰਵਾ ਸਕਦੇ ਹਨ। ਉਪਰੋਕਤ ਵਿਦਿਅਕ ਯੋਗਤਾਵਾਂ ਅਤੇ ਹੋਰ ਸਬੰਧਤ ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਨਾਲ ਨੱਥੀ ਕੀਤੀਆਂ ਜਾਣ। ਉਪਰੋਕਤ ਮਿਤੀ ਤੋਂ ਬਾਅਦ ਆਈਆਂ ਅਰਜ਼ੀਆਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਅਸਾਮੀ ਮੈਰਿਟ, ਯੋਗਤਾ ਦੇ ਆਧਾਰ ਤੇ ਭਰੀ ਜਾਵੇਗੀ। ਸਬ-ਕਮੇਟੀ ਵਲੋਂ ਮਿਤੀ 01.03.2023 ਨੂੰ ਉਮੀਦਵਾਰ ਨੂੰ ਸਬੰਧਤ ਅਸਾਮੀ ਲਈ ਸਿਲੈਕਟ ਕੀਤਾ ਜਾਵੇਗਾ। ਸਿਲੈਕਟ ਹੋਏ ਉਮੀਦਵਾਰ ਤੋਂ ਘੱਟੋ-ਘੱਟ ਦੋ ਏਕੜ ਜ਼ਰਾਇਤੀ ਜ਼ਮੀਨ ਜਾਂ ਇਕ ਲੱਖ ਰੁਪਏ ਬਤੌਰ ਜ਼ਮਾਨਤ ਲਏ ਜਾਣਗੇ। ਸੇਲਜ਼ਮੈਨ ਕਮ ਕੈਸ਼ੀਅਰ ਦੀ ਨਿਯੁਕਤ ਆਰਜ਼ੀ ਤੌਰ 'ਤੇ ਕੀਤੀ ਜਾਵੇਗੀ।

**ਵਲੋਂ : ਪ੍ਰਧਾਨ ਸਹਿਕਾਰੀ ਸਭਾ ਕਰਟੋਲੀ ਤਹਿਸੀਲ ਮੁਕੇਰੀਆਂ ਜ਼ਿਲਾ ਹੁਸ਼ਿਆਰਪੁਰ**